ਨੰ: ਐਸ.ਸੀ.ਐਸ.ਪੀ(ਖੋ.ਅ.1)-38/RE/2016/ 5255-82

**ਪੰਜਾਬ ਸਰਕਾਰ**

**ਭਲਾਈ ਵਿਭਾਗ**

**(ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ)**

ਸੇਵਾ ਵਿਖੇ

ਸਮੂਹ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,
(ਐਸ.ਸੀ.ਐਸ.ਪੀ ਨਾਲ ਸਬੰਧਤ)

ਮਿਤੀ: ਚੰਡੀਗੜ੍ਹ 30-11-2016

ਵਿਸ਼ਾ: **ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ) 2016-17 ਦੇ ਸੋਧੇ ਅਨੁਮਾਨਾਂ ਸਬੰਧੀ ਸੂਚਨਾ ਭੇਜਣ ਬਾਰੇ।**

*****

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਡਾਇਰੈਕਟੋਰੇਟ ਆਫ ਐਸ.ਸੀ.ਐਸ.ਪੀ ਵੱਲੋਂ, ਅਨੁਸੂਚਿਤ ਜਾਤੀਆਂ ਸਬ ਪਲਾਨ ਦੀ ਫਾਰਮੂਲੇਸ਼ਨ ਅਤੇ ਲਾਗੂਕਰਨ ਦੀ ਮੋਨੀਟਰਿੰਗ ਲਈ ਨੋਡਲ ਵਿਭਾਗ ਹੋਣ ਦੇ ਨਾਤੇ, ਐਸ.ਸੀ.ਐਸ.ਪੀ. 2016-17 ਦੇ ਸੋਧੇ ਉਪਬੰਧ ਤਿਆਰ ਕਰਕੇ ਰਾਜ ਦੇ ਪਲਾਨ ਸਕੀਮਾਂ ਦੇ 2016-17 ਦੇ ਸੋਧੇ ਬਜਟ ਅਨੁਮਾਨਾਂ ਵਿੱਚ ਯੋਜਨਾ ਉਪਬੰਧਾਂ ਦੇ ਨਾਲ ਹੀ ਸ਼ਾਮਲ ਕਰਵਾਏ ਜਾਣੇ ਹਨ। ਇਹ ਸੋਧੇ ਅਨੁਮਾਨ, ਐਸ.ਸੀ.ਐਸ.ਪੀ. ਸਕੀਮਾਂ ਨੂੰ ਲਾਗੂ ਕਰ ਰਹੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਈ ਵਾਧੇ/ਘਾਟੇ (Excesses and Surrenders) ਸਬੰਧੀ ਸੂਚਨਾ ਦੇ ਆਧਾਰ ਤੇ ਤਿਆਰ ਕੀਤੇ ਜਾਣੇ ਹਨ। ਐਸ.ਸੀ.ਐਸ.ਪੀ. 2016-17 ਦਸਤਾਵੇਜ, ਜਿਸ ਵਿੱਚ ਆਪ ਜੀ ਦੇ ਵਿਭਾਗ ਨਾਲ ਸਬੰਧਤ ਐਸ.ਸੀ.ਐਸ.ਪੀ ਸਕੀਮਾਂ ਦੇ ਉਪਬੰਧ ਦਰਜ ਹਨ (ਸਟੇਟਮੈਂਟ-V, ਅੰਗਰੇਜੀ ਦਸਤਾਵੇਜ ਦੇ ਪੰਨਾ ਨੰ: 83 ਤੋਂ 143 ਅਤੇ ਪੰਜਾਬੀ ਦਸਤਾਵੇਜ ਦੇ ਪੰਨਾ ਨੰ: 83 ਤੋਂ 148)। ਇਹ ਦਸਤਾਵੇਜ ਇਸ ਵਿਭਾਗ ਦੇ ਮੀਮੋ ਨੰ: ਖੋ.ਅ.-(ਐਸ.ਸੀ.ਐਸ.ਪੀ.-29/2016-17/1325-83 ਮਿਤੀ 01.4.2016 (ਕਾਪੀ ਆਪ ਜੀ ਨੂੰ) ਰਾਹੀਂ ਵਿਭਾਗਾਂ ਦੇ ਮੁੱਖੀਆਂ ਨੂੰ ਪਹਿਲਾਂ ਹੀ ਭੇਜਿਆ ਹੋਇਆ ਹੈ। ਇਹ ਦਸਤਾਵੇਜ ਭਲਾਈ ਵਿਭਾਗ ਦੀ ਵੈਬਸਾਇਟ www.welfarepunjab.gov.in ਦੇ ਉਪ ਲਿੰਕ Directorate of SCSP/Publications ਉਪਰ ਵੀ ਉਪਲੱਬਧ ਹੈ।

2. ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਵਿੱਤ ਵਿਭਾਗ ਵੱਲੋਂ ਸਾਲ 2016-17 ਦੇ ਐਸ.ਸੀ.ਐਸ.ਪੀ ਬਜਟਿਡ ਉਪਬੰਧਾਂ ਨੂੰ ਰਾਜ ਦੇ ਪਲਾਨ ਸਕੀਮਾਂ ਦੇ 2016-17 ਦੇ ਬਜਟ ਵਿੱਚ ਸਬੰਧਤ ਮੇਜਰ/ਸਬ-ਮੇਜਰ ਹੈਡ ਅਧੀਨ '**ਮਾਈਨਰ ਹੈਡ-789-ਐਸ.ਸੀ.ਪੀ. ਫਾਰ ਐਸ.ਸੀਜ**' ਵਿੱਚ ਬੁੱਕ ਕੀਤਾ ਹੋਇਆ ਹੈ ਤਾਂ ਜੋ ਇਹ ਫੰਡ ਜਨਰਲ ਸੈਕਟਰਾਂ ਵਿੱਚ ਤਬਦੀਲ ਨਾ ਹੋ ਸਕਣ। ਇਸ ਲਈ ਐਸ.ਸੀ.ਐਸ.ਪੀ 2016-17 ਲਈ ਸੋਧੇ ਉਪਬੰਧ ਤਿਆਰ ਕਰਦੇ ਸਮੇਂ ਅਸਲ/ਸੰਭਾਵਿਤ ਖਰਚ ਲਈ ਢੁੱਕਵੀਂ ਰਾਸ਼ੀ ਦੀ ਹੀ ਮੰਗ ਕੀਤੀ ਜਾਵੇ ਜੋ ਅਨੁਸੂਚਿਤ ਜਾਤੀਆਂ ਦੇ ਵਿਕਾਸ ਉਪਰ ਖਰਚ ਕੀਤੀ ਜਾ ਸਕਦੀ ਹੋਵੇ। "ਜੈਂਡਰ

ਬਜਟਿੰਗ" ਦੇ ਮੰਤਵ ਲਈ ਲਾਭਪਾਤਰੀ ਪਲਾਨ ਸਕੀਮਾਂ ਹੇਠ ਨਿਰਧਰਿਤ ਐਸ.ਸੀ.ਐਸ.ਪੀ. ਕੰਪੋਨੈਂਟ ਤਹਿਤ 'ਵੂਮਨ ਕੰਪੋਨੈਂਟ' ਲਈ ਵਿੱਤੀ ਅਤੇ ਭੌਤਿਕ ਟੀਚੇ/ਪ੍ਰਾਪਤੀਆਂ ਵੀ ਰਿਕਾਰਡ ਕੀਤੀਆਂ ਜਾਣ।

3. ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਪਣੇ ਕੰਟਰੋਲ ਅਧੀਨ ਆਉਂਦੇ ਵਿਭਾਗਾਂ/ਨਿਗਮਾਂ ਅਤੇ ਹੋਰ ਅਦਾਰਿਆਂ ਨੂੰ ਹਦਾਇਤ ਕਰਨ ਦੀ ਕ੍ਰਿਪਾਲਤਾ ਕਰੋ ਕਿ ਉਹ ਐਸ.ਸੀ.ਐਸ.ਪੀ 2016-17 ਦੇ ਵਾਧੇ ਘਾਟੇ ਸਬੰਧੀ ਸੂਚਨਾ ਨਾਲ ਨੱਥੀ ਅਨੈਕਸਚਰ ਵਿੱਚ ਇਸ ਵਿਭਾਗ ਨੂੰ ਮਿਤੀ 23.12.2016 ਤੱਕ ਭੇਜਣਾ ਯਕੀਨੀ ਬਨਾਉਣ ਤਾਂ ਜੋ ਇਹਨਾਂ ਤਜਵੀਜਾਂ ਨੂੰ ਵਿਚਾਰਨ ਉਪਰੰਤ ਐਸ.ਸੀ.ਐਸ.ਪੀ 2016-17 ਦੇ ਸੋਧੇ ਅਨੁਮਾਨ ਤਿਆਰ ਕਰਕੇ ਵਿੱਤ ਵਿਭਾਗ ਨੂੰ ਸਮੇਂ ਸਿਰ ਭੇਜੇ ਜਾ ਸਕਣ ਜੀ।

ਵਿਸ਼ਵਾਸਪਾਤਰ

(ਚਮਨ ਲਾਲ ਵਾਸਨ)
ਡਾਇਰੈਕਟਰ(ਐਸ.ਸੀ.ਐਸ.ਪੀ)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ.1)-38/RE/2016/5283 ਮਿਤੀ: 30-11-2016

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਯੋਜਨਾਬੰਦੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ.1)-38/RE/2016/5284 ਮਿਤੀ: 30-11-2016

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ.1)-38/RE/2016/5285-5342 ਮਿਤੀ: 30-11-2016

ਉਪਰੋਕਤ ਦਾ ਇੱਕ ਉਤਾਰਾ ਐਸ.ਸੀ.ਐਸ.ਪੀ ਨਾਲ ਸਬੰਧਤ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਅਨੁਸੂਚਿਤ ਜਾਤੀਆਂ ਸਬ ਪਲਾਨ 2016-17 ਦੇ ਸੋਧੇ ਅਨੁਮਾਨਾਂ ਸਬੰਧੀ ਤਜਵੀਜਾਂ ਨੱਥੀ ਅਨੈਕਸਚਰ ਵਿੱਚ ਮਿਤੀ 23.12.2016 ਤੱਕ ਇਸ ਵਿਭਾਗ ਨੂੰ ਭੇਜਣੀਆਂ ਯਕੀਨੀ ਬਨਾਇਆ ਜਾਵੇ। ਐਮ.ਐਸ. ਐਕਸਲ ਐਪਲੀਕੇਸ਼ਨ ਵਿਚ ਤਿਆਰ ਕੀਤੇ ਇਸ ਅਨੈਕਸਚਰ ਦੀ ਸਾਫਟ ਕਾਪੀ ਈ-ਮੇਲ dir.scsp@punjab.gov.in ਤੇ ਸੰਪਰਕ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਡਾਇਰੈਕਟਰ(ਐਸ.ਸੀ.ਐਸ.ਪੀ)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ.-1)-38/RE/2016/5343 ਮਿਤੀ: 30-11-2016

ਇਸ ਦਾ ਇੱਕ ਉਤਾਰਾ ਨਿੱਜੀ ਸਕੱਤਰ/ਸਕੱਤਰ ਭਲਾਈ ਨੂੰ ਸਕੱਤਰ ਭਲਾਈ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ(ਐਸ.ਸੀ.ਐਸ.ਪੀ)-ਕਮ-ਸੰਯੁਕਤ ਸਕੱਤਰ

**ANNEXURE**

## Scheduled Castes Sub Plan (SCSP) 2016-17 : Revised Estimates

**(Rs. in lac)**

**Name of Department:**

| Sr. No. | Scheme | | SCSP 2016-17 | | | | | | | | |
|---|---|---|---|---|---|---|---|---|---|---|---|
| | Code | Name | Approved SCSP Outlay | | | Total Physical targets vis-à-vis Col. 5 | | Progress upto 15.12.2016 | | | |
| | | | Centre Share | State Share | Total (3+4) | Unit | Number | Financial Achievements (releases from treasury) | | | Physical Achievements (Number) |
| | | | | | | | | Centre Share | State Share | Total (8+9) | |
| 0 | 1 | 2 | 3 | 4 | 5 | 6 | 7 | 8 | 9 | 10 | 11 |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |
| | | | | | | | | | | | |

ANNEXURE (Contd.)

## Scheduled Castes Sub Plan (SCSP) 2016-17 : Revised Estimates

(Rs. in lac)

**Name of Department:**

| Sr. No. | Scheme | | SCSP 2016-17 Revised Estimates (Proposed) | | | | | | | | | | | |
|---|---|---|---|---|---|---|---|---|---|---|---|---|---|
| | Code | Name | Proposed SCSP Revised Outlay | | | | Total Physical targets vis-à-vis Col. 14 | Excess (+) vis-à-vis Col. 3 to Col.5 | | | Surrender (-) vis-à-vis Col. 3 to Col.5 | | | Remarks |
| | | | Centre Share | State Share | Total (12+13) | Capital content out of Col. 14 | | Centre Share | State Share | Total (17+18) | Centre Share | State Share | Total (20+21) | |
| | | | 12 | 13 | 14 | 15 | 16 | 17 | 18 | 19 | 20 | 21 | 22 | 23 |
| 0 | 1 | 2 | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |

ANNEXURE (Contd.)

## Scheduled Castes Sub Plan (SCSP) 2016-17 : Revised Estimates

(Rs. in lac)

Name of Department:

| Sr. No. | Scheme | | Gender Budgeting- Women Component(WC) | | | | | |
|---|---|---|---|---|---|---|---|---|
| | Code | Name | WC out of SCSP outlay i.e. from Col. 5 | Physical targets (WC) vis-à-vis Col. 24 | Expenditure (WC) upto 15.12.2016 vis-à-vis Col.24 | Physical Achievements (WC) upto 15.12.2016 vis-à-vis Col. 25 | WC out of Proposed SCSP Revised Outlay i.e. from Col. 14 | Physical targets (WC) vis-à-vis Col. 28 |
| 0 | 1 | 2 | 24 | 25 | 26 | 27 | 28 | 29 |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |